# Punjab Government Gazette

## EXTRAORDINARY

***Published by Authority***

CHANDIGARH, TUESDAY, FEBRUARY 3, 2026
(MAGHA 14, 1947 SAKA)


ਵਿਧਾਨਕ ਅਨੁਪੂਰਕ


**ਮਜ਼ਮੂਨ** **ਪੰਨੇ**

**ਭਾਗ I** **ਐਕਟ**

1. ਪੰਜਾਬ ਬਿਊਰੋ ਨਿਵੇਸ਼ ਉੱਨਤੀ ਐਕਟ, 2016
(2016 ਦਾ ਪੰਜਾਬ ਐਕਟ ਨੰ. 32) ... 147-161

**ਭਾਗ II** **ਆਰਡੀਨੈਂਸ**

*ਕੋਈ ਨਹੀਂ*

**ਭਾਗ III** **ਅਧੀਨ ਵਿਧਾਨਕਾਰੀ**

*ਕੋਈ ਨਹੀਂ*

**ਭਾਗ IV** **ਦਰੁਸਤੀ ਪਰਚੀਆਂ, ਪੁਨਰ ਪ੍ਰਕਾਸ਼ਨਾਵਾਂ ਅਤੇ ਬਦਲੇ ਪੰਨੇ**

*ਕੋਈ ਨਹੀਂ*


———

ਭਾਗ -1

**ਪੰਜਾਬ ਸਰਕਾਰ**

ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ

**ਅਧਿਸੂਚਨਾ**

ਮਿਤੀ 2 ਫਰਵਰੀ, 2026

**ਨੰ: 12/ਭ.ਕ./2026.-** ਪੰਜਾਬ ਬਿਊਰੋ ਨਿਵੇਸ਼ ਉੱਨਤੀ ਐਕਟ, 2016 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ: 5) ਦੀ ਧਾਰਾ 6-ੳ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ।

DEPARTMENT OF LEGAL AND LEGISLATIVE AFFAIRS

**NOTIFICATION**

The 2nd February, 2026

**No. 12/L.C./2026.-** The Translation in Punjabi of the Punjab Bureau of Investment Promotion Act, 2016 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No. 5 of 1967).

ਪੰਜਾਬ ਬਿਊਰੋ ਨਿਵੇਸ਼ ਉੱਨਤੀ ਐਕਟ, 2016

(2016 ਦਾ ਪੰਜਾਬ ਐਕਟ ਨੰ: 32)

ਪੰਜਾਬ ਰਾਜ ਵਿੱਚ ਨਿਵੇਸ਼ ਤਜਵੀਜ਼ਾਂ (ਨਿਯੰਤਰਕ ਅਤੇ ਵਿੱਤੀ ਦੋਵੇਂ) ਦੀ ਸ਼ੀਘਰ ਨਿਕਾਸੀ ਅਤੇ ਰਾਜ ਸਰਕਾਰ ਵੱਲੋਂ ਸਮੇਂ ਸਮੇਂ ਤੇ ਐਲਾਨੀਆਂ ਨਿਵੇਸ਼ ਉੱਨਤੀ ਨੀਤੀਆਂ ਦੇ ਪਰਿਪਾਲਣ ਕਰਨ ਅਤੇ ਇਸ ਨਾਲ ਸਬੰਧਤ ਜਾਂ ਉਸ ਨਾਲ ਅਨੁਸੰਗਕ ਮਾਮਲਿਆਂ ਲਈ ਉਪਬੰਧ ਕਰਨ ਲਈ ਐਕਟ।

ਭਾਰਤ ਗਣਰਾਜ ਦੇ ਸਤਾਹਟਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ-ਮੰਡਲ ਦੁਆਰਾ ਹੇਠ-ਲਿਖੇ ਅਨੁਸਾਰ ਇਹ ਐਕਟ ਬਣੇ:-

1. (1) ਇਸ ਐਕਟ ਨੂੰ ਪੰਜਾਬ ਬਿਊਰੋ ਨਿਵੇਸ਼ ਉੱਨਤੀ ਐਕਟ, 2016 ਕਿਹਾ ਜਾ ਸਕੇਗਾ। ਸੰਖੇਪ ਨਾਂ ਅਤੇ ਅਰੰਭ।

(2) ਇਹ ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਹੋਣ ਦੀ ਤਰੀਕ ਨੂੰ ਅਤੇ ਤੋਂ ਨਾਫ਼ਜ਼ ਹੋਵੇਗਾ।

2. ਇਸ ਐਕਟ ਵਿੱਚ, ਜੇਕਰ ਪ੍ਰਸੰਗ ਹੋਰ ਤਰ੍ਹਾਂ ਨਾ ਲੋੜੇ,- ਪਰਿਭਾਸ਼ਾਵਾਂ।

(ੳ) "ਗਵਰਨਰਾਂ ਦਾ ਬੋਰਡ" ਜਾਂ "ਬੀਓਜੀ" ਦਾ ਮਤਲਬ ਹੈ ਬਿਊਰੋ ਦੇ ਗਵਰਨਰਾਂ ਦਾ ਬੋਰਡ;

(ਅ) "ਬਿਊਰੋ" ਦਾ ਮਤਲਬ ਹੈ ਪੰਜਾਬ ਬਿਊਰੋ ਨਿਵੇਸ਼ ਉੱਨਤੀ;

(ੲ) "ਮੁੱਖ ਕਾਰਜਕਾਰੀ ਅਧਿਕਾਰੀ" ਦਾ ਮਤਲਬ ਹੈ ਬਿਊਰੋ ਦਾ ਮੁੱਖ ਕਾਰਜਕਾਰੀ ਅਧਿਕਾਰੀ;

(ੲੳ) "ਨਿਕਾਸੀ" ਦਾ ਮਤਲਬ ਹੈ ਇਤਰਾਜ਼ਹੀਣਤਾ ਸਰਟੀਫਿਕੇਟ, ਸੰਮਤੀ, ਅਲਾਟਮੈਂਟ, ਪ੍ਰਵਾਨਗੀ, ਇਜ਼ਾਜਤ, ਰਜਿਸਟਰੀਕਰਨ, ਨਾਂ ਦਰਜ ਕਰਨ, ਲਸੰਸ ਦੇਣਾ ਜਾਂ ਜਾਰੀ ਹੋਣਾ ਅਤੇ ਕਿਸੇ ਸ਼ਕਤਵਾਨ ਅਥਾਰਟੀ ਦੁਆਰਾ ਇਸੇ ਤਰ੍ਹਾਂ ਦਾ ਹੋਰ ਦਿੱਤਾ ਜਾਂ ਜਾਰੀ ਕੀਤਾ;

(ੲਅ) "ਸ਼ਕਤਵਾਨ ਅਥਾਰਟੀ" ਦਾ ਮਤਲਬ ਹੈ ਇੱਕ ਉਦਯੋਗਿਕ ਉਪਕ੍ਰਮ ਜਾਂ ਉੱਦਮ ਜਾਂ ਅਜਿਹਾ ਉਸੇ ਵਰਗਾ ਅਦਾਰਾ ਸਥਾਪਤ ਕਰਨ ਦੇ ਤੱਲਕ ਵਿੱਚ ਜਾਂ ਮੌਜੂਦਾ ਉੱਦਮ ਜਾਂ ਉਦਯੋਗਿਕ ਉਪਕ੍ਰਮ ਦਾ ਵਿਸਤਾਰ ਜਾਂ ਇੱਕ ਉੱਦਮ ਚਲਾਉਣ ਲਈ ਸੁਸੰਗਤ ਐਕਟ ਜਾਂ ਇਸ ਐਕਟ ਅਧੀਨ ਬਣਾਏ ਕਿਸੇ ਨਿਯਮਾਂ, ਨੀਤੀ, ਸੇਧਾਂ ਅਧੀਨ ਨਿਕਾਸੀ ਦੇਣ ਲਈ ਸ਼ਕਤੀ ਪ੍ਰਾਪਤ ਕੋਈ ਵਿਅਕਤੀ ਜਾਂ ਵਿਅਕਤੀਆਂ ਦੀ ਬੌਡੀ ਜਾਂ ਏਜੰਸੀ;

(ਸ) "ਉਪਕ੍ਰਮੀ" ਦਾ ਮਤਲਬ ਹੈ ਇੱਕ ਹਸਤੀ ਜੋ ਇੱਕ ਉੱਦਮ ਨੂੰ ਸਥਾਪਤ ਕਰਨ ਦਾ ਫ਼ੈਸਲਾ ਕਰਦੀ ਹੈ ਅਤੇ ਇਸ ਵਿੱਚ,-

(i) ਇੱਕ ਵਿਅਕਤੀ;

(ii) ਇੱਕ ਅਣਵੰਡਿਆ ਹਿੰਦੂ ਪਰਿਵਾਰ;

(iii) ਇੱਕ ਕੰਪਨੀ;

(iv) ਇੱਕ ਰਜਿਸਟਰਸ਼ੁਦਾ ਫ਼ਰਮ;

(v) ਸੀਮਤ ਦੇਣਦਾਰੀ ਭਾਈਵਾਲੀ ਐਕਟ, 2008 (2009 ਦਾ ਕੇਂਦਰੀ ਐਕਟ 6) ਅਨੁਸਾਰ ਇੱਕ ਸੀਮਤ ਦੇਣਦਾਰੀ ਭਾਈਵਾਲੀ;

(vi) ਭਾਰਤ ਵਿੱਚ ਜਾਂ ਭਾਰਤ ਤੋਂ ਬਾਹਰ ਵਿਅਕਤੀਆਂ ਦੀ ਇੱਕ ਸਭਾ ਜਾਂ ਵਿਅਕਤੀਆਂ ਦੀ ਇੱਕ ਬੌਡੀ, ਭਾਵੇਂ ਨਿਗਮਤ ਹੋਵੇ ਜਾਂ ਨਹੀਂ;

(vii) ਕਿਸੇ ਕੇਂਦਰੀ ਜਾਂ ਰਾਜ ਐਕਟ ਅਧੀਨ ਸਥਾਪਤ ਕੋਈ ਨਿਗਮ ਜਾ ਇੱਕ ਸਰਕਾਰੀ ਕੰਪਨੀ ਜਿਵੇਂ ਕੰਪਨੀਜ਼ ਐਕਟ, 2013 (2013 ਦਾ ਕੇਂਦਰੀ ਐਕਟ 18) ਦੀ ਧਾਰਾ 2 ਦੇ ਖੰਡ (45) ਵਿੱਚ ਪਰਿਭਾਸ਼ਤ ਕੀਤਾ ਗਿਆ ਹੈ;

(viii) ਭਾਰਤ ਤੋਂ ਬਾਹਰ ਇੱਕ ਦੇਸ਼ ਦੇ ਕਾਨੂੰਨਾਂ ਦੁਆਰਾ ਜਾਂ ਅਧੀਨ ਨਿਗਮਤ ਕੀਤੀ ਕੋਈ ਨਿਗਮਤ ਬੌਡੀ; ਅਤੇ

(ix) ਇੱਕ ਸਹਿਕਾਰੀ ਸੋਸਾਇਟੀ ਨਾਲ ਸਬੰਧਤ ਕਿਸੇ ਕਾਨੂੰਨ ਅਧੀਨ ਰਜਿਸਟਰਸ਼ੁਦਾ ਇੱਕ ਸਹਿਕਾਰੀ ਸੋਸਾਇਟੀ;

ਸ਼ਾਮਲ ਹੋਣਗੇ;

(ਹ) "ਕਾਰਜਕਾਰੀ ਕਮੇਟੀ" ਜਾਂ "ਈ.ਸੀ." ਦਾ ਮਤਲਬ ਹੈ ਬਿਊਰੋ ਦੀ ਕਾਰਜਕਾਰੀ ਕਮੇਟੀ;

(ਕ) "ਸਰਕਾਰ" ਦਾ ਮਤਲਬ ਹੈ ਪੰਜਾਬ ਰਾਜ ਦੀ ਸਰਕਾਰ ਦਾ ਨਿਵੇਸ਼ ਉੱਨਤੀ ਵਿਭਾਗ;

(ਕਓ) "ਆਨਲਾਈਨ ਪੋਰਟਲ" ਦਾ ਮਤਲਬ ਹੈ ਨਿਕਾਸੀ ਜਾਰੀ ਕਰਨ ਦੇ ਪ੍ਰਯੋਜਨ ਲਈ ਸਰਕਾਰ ਦੁਆਰਾ ਅਧਿਸੂਚਿਤ ਇਕਹਿਰੀ ਖਿੜਕੀ ਪੋਰਟਲ;

(ਖ) "ਨੀਤੀ" ਦਾ ਮਤਲਬ ਹੈ ਸਰਕਾਰ ਦਾ ਕੋਈ ਅਧਿਸੂਚਿਤ ਨੀਤੀ, ਵਿਨਿਯਮ, ਪੈਕੇਜ ਜਾਂ ਪ੍ਰੋਗਰਾਮ;

(ਗ) "ਮੁਕੱਰਰ" ਦਾ ਮਤਲਬ ਹੈ ਇਸ ਐਕਟ ਅਧੀਨ ਬਣਾਏ ਗਏ ਨਿਯਮਾਂ ਦੁਆਰਾ ਮੁਕੱਰਰ;

(ਘ) "ਧਾਰਾ" ਦਾ ਮਤਲਬ ਹੈ ਇਸ ਐਕਟ ਦੀ ਧਾਰਾ; ਅਤੇ

(ਙ) "ਅਨੁਬੰਧਤ ਸਮਾਂ" ਦਾ ਮਤਲਬ ਹੈ ਨਿਕਾਸੀ ਪ੍ਰਦਾਨ ਕਰਨ ਜਾਂ ਅਪੀਲੀ ਅਥਾਰਟੀ ਅੱਗੇ ਪੇਸ਼ ਕੀਤੀ ਕਿਸੇ ਅਪੀਲ ਨੂੰ ਨਿਆਂ-ਨਿਰਣਿਤ ਕਰਨ ਲਈ ਵੱਧ ਤੋਂ ਵੱਧ ਸਮਾਂ ਜੋ ਸਰਕਾਰ ਦੁਆਰਾ ਸਮੇਂ ਸਮੇਂ 'ਤੇ ਅਧਿਸੂਚਿਤ ਕੀਤਾ ਜਾਵੇ।

3. (1) ਪੰਜਾਬ ਬਿਊਰੋ ਨਿਵੇਸ਼ ਉੱਨਤੀ ਦੇ ਤੌਰ ਤੇ ਜਾਣੀ ਜਾਂਦੀ ਇੱਕ ਬਿਊਰੋ ਸਥਾਪਤ ਕੀਤੀ ਜਾਵੇਗੀ। *ਬਿਊਰੋ ਦੀ ਸਥਾਪਨਾ।*

(2) ਬਿਊਰੋ ਇੱਕ ਨਿਗਮ ਬੌਡੀ ਦੇ ਨਾਲ-ਨਾਲ ਇੱਕ ਅਥਾਰਟੀ ਹੋਵੇਗੀ ਜਿਸ ਦਾ ਸਦੀਵੀ ਉੱਤਰਾਧਿਕਾਰ ਹੋਵੇਗਾ ਅਤੇ ਇਸ ਦੀ ਸਾਂਝੀ ਮੋਹਰ ਹੋਵੇਗੀ। ਇਸ ਕੋਲ ਚੁੱਕਵੀਂ ਅਤੇ ਅਚੁੱਕਵੀਂ ਦੋਵੇਂ ਸੰਪੱਤੀਆਂ ਨੂੰ ਅਰਜਤ ਕਰਨ, ਧਾਰਨ ਕਾਰਨ ਅਤੇ ਵੇਚਣ ਦੀ ਸ਼ਕਤੀ ਹੋਵੇਗੀ ਅਤੇ ਉਹ ਉਕਤ ਨਾਂ ਨਾਲ ਦਾਵਾ ਕਰ ਸਕੇਗੀ ਜਾਂ ਉਸ 'ਤੇ ਦਾਵਾ ਕੀਤਾ ਜਾ ਸਕੇਗਾ।

4. (1) ਬਿਊਰੋ ਦੇ ਗਵਰਨਰਾਂ ਦਾ ਇੱਕ ਬੋਰਡ ਹੋਵੇਗਾ ਜਿਹੜਾ ਬਿਊਰੋ ਦੇ ਸਾਰੇ ਮਾਮਲਿਆਂ ਲਈ ਸਿਖਰਲੀ ਸ਼ਾਸਕ ਬੌਡੀ ਹੋਵੇਗਾ। ਗਵਰਨਰਾਂ ਦੇ ਬੋਰਡ ਦਾ ਗਠਨ ਹੇਠ-ਲਿਖੇ ਅਨੁਸਾਰ ਹੋਵੇਗਾ, ਅਰਥਾਤ:- *ਗਵਰਨਰਾਂ ਦਾ ਬੋਰਡ।*

| | | | |
|---|---|---|---|
| (i) | ਮੁੱਖ ਮੰਤਰੀ; | : | ਚੇਅਰਮੈਨ |
| (ii) | ਮੰਤਰੀ ਇੰਚਾਰਜ, ਨਿਵੇਸ਼ ਉੱਨਤੀ ਵਿਭਾਗ; | : | ਸੀਨੀਅਰ ਵਾਈਸ-ਚੇਅਰਮੈਨ |
| (iii) | ਉਦਯੋਗ ਮੰਤਰੀ; | : | ਵਾਈਸ-ਚੇਅਰਮੈਨ |
| (iv) | ਵਿੱਤ ਮੰਤਰੀ; | : | ਮੈਂਬਰ |
| (v) | ਖੇਤੀਬਾੜੀ ਮੰਤਰੀ; | : | ਮੈਂਬਰ |
| (vi) | ਸਿਹਤ ਅਤੇ ਪਰਿਵਾਰ ਭਲਾਈ ਮੰਤਰੀ; | : | ਮੈਂਬਰ |

| | | | |
|---|---|---|---|
| (vii) | ਸੈਰ-ਸਪਾਟਾ ਮੰਤਰੀ; | : | ਮੈਂਬਰ |
| (viii) | ਕਿਰਤ ਮੰਤਰੀ; | : | ਮੈਂਬਰ |
| (ix) | ਖੁਰਾਕ ਅਮਲ ਮੰਤਰੀ; | : | ਮੈਂਬਰ |
| (x) | ਸੂਚਨਾ ਤਕਨਾਲੋਜੀ ਮੰਤਰੀ | : | ਮੈਂਬਰ |
| (xi) | ਮਕਾਨ ਅਤੇ ਸ਼ਹਿਰੀ ਵਿਕਾਸ ਮੰਤਰੀ; | : | ਮੈਂਬਰ |
| (xii) | ਸਥਾਨਕ ਸਰਕਾਰ ਮੰਤਰੀ; | : | ਮੈਂਬਰ |
| (xiii) | ਵਿਗਿਆਨ, ਤਕਨਾਲੋਜੀ ਅਤੇ ਵਾਤਾਵਰਣ ਮੰਤਰੀ; | : | ਮੈਂਬਰ |
| (xiv) | ਮੁੱਖ ਸਕੱਤਰ, ਪੰਜਾਬ ਸਰਕਾਰ; | : | ਮੈਂਬਰ |
| (xv) | ਵਿੱਤੀ ਕਮਿਸ਼ਨਰ, ਮਾਲ; | : | ਮੈਂਬਰ |
| (xvi) | ਵਿੱਤੀ ਕਮਿਸ਼ਨਰ, ਵਿਕਾਸ; | : | ਮੈਂਬਰ |
| (xvii) | ਪ੍ਰਮੁੱਖ ਸਕੱਤਰ, ਵਿੱਤ; | : | ਮੈਂਬਰ |
| (xviii) | ਵਿੱਤੀ ਕਮਿਸ਼ਨਰ, ਜੰਗਲਾਤ; | : | ਮੈਂਬਰ |
| (xix) | ਪ੍ਰਮੁੱਖ ਸਕੱਤਰ, ਮੁੱਖ ਮੰਤਰੀ; | : | ਮੈਂਬਰ |
| (xx) | ਪ੍ਰਮੁੱਖ ਸਕੱਤਰ, ਸਿਹਤ ਅਤੇ ਪਰਿਵਾਰ ਭਲਾਈ; | : | ਮੈਂਬਰ |
| (xxi) | ਪ੍ਰਮੁੱਖ ਸਕੱਤਰ, ਸੈਰ-ਸਪਾਟਾ; | : | ਮੈਂਬਰ |
| (xxii) | ਪ੍ਰਮੁੱਖ ਸਕੱਤਰ, ਮਕਾਨ ਅਤੇ ਸ਼ਹਿਰੀ ਵਿਕਾਸ; | : | ਮੈਂਬਰ |
| (xxiii) | ਵਿੱਤੀ ਕਮਿਸ਼ਨਰ, ਕਰ; | : | ਮੈਂਬਰ |
| (xxiv) | ਪ੍ਰਮੁੱਖ ਸਕੱਤਰ, ਕਿਰਤ; | : | ਮੈਂਬਰ |
| (xxv) | ਪ੍ਰਮੁੱਖ ਸਕੱਤਰ, ਸੂਚਨਾ ਤਕਨਾਲੋਜੀ; | : | ਮੈਂਬਰ |
| (xxvi) | ਪ੍ਰਮੁੱਖ ਸਕੱਤਰ, ਊਰਜਾ; | : | ਮੈਂਬਰ |
| (xxvii) | ਪ੍ਰਮੁੱਖ ਸਕੱਤਰ, ਉਦਯੋਗ ਅਤੇ ਵਣਜ; | : | ਮੈਂਬਰ |
| (xxviii) | ਪ੍ਰਮੁੱਖ ਸਕੱਤਰ, ਸਥਾਨਕ ਸਰਕਾਰ; | : | ਮੈਂਬਰ |
| (xxix) | ਪ੍ਰਮੁੱਖ ਸਕੱਤਰ, ਵਿਗਿਆਨ, ਤਕਨਾਲੋਜੀ ਅਤੇ ਵਾਤਾਵਰਣ; | : | ਮੈਂਬਰ |
| (xxx) | ਪ੍ਰਮੁੱਖ ਸਕੱਤਰ, ਨਿਵੇਸ਼ ਉੱਨਤੀ; | : | ਮੈਂਬਰ |

(xxxi) ਸਰਕਾਰ ਦੁਆਰਾ ਨਾਮਜ਼ਦ ਕੀਤੇ ਜਾਣ ਵਾਲੇ ਤਿੰਨ ਤਕਨੀਕੀ ਮਾਹਿਰ; : ਮੈਂਬਰ

(xxxii) ਵਪਾਰ, ਉਦਯੋਗ ਅਤੇ ਵਣਜ ਤੋਂ ਸਰਕਾਰ ਦੁਆਰਾ ਨਾਮਜ਼ਦ ਕੀਤੇ ਜਾਣ ਵਾਲੇ ਪੰਜ ਪ੍ਰਤੀਨਿਧ; : ਮੈਂਬਰ

(xxxiii) ਮੁੱਖ ਕਾਰਜਕਾਰੀ ਅਧਿਕਾਰੀ। : ਮੈਂਬਰ-ਸਕੱਤਰ

(2) ਸਰਕਾਰ ਦੇ ਸਮੁੱਚੇ ਕੰਟਰੋਲ ਅਤੇ ਨਿਗਰਾਨੀ ਦੇ ਤਾਬੇ, ਗਵਰਨਰਾਂ ਦਾ ਬੋਰਡ ਬਿਊਰੋ ਨੂੰ ਸਮੁੱਚੀ ਨੀਤੀ ਅਗਵਾਈ ਅਤੇ ਨਿਰਦੇਸ਼ ਪ੍ਰਦਾਨ ਕਰੇਗਾ ਅਤੇ ਬਿਊਰੋ ਨਾਲ ਸਬੰਧਤ ਸਾਰੇ ਮਾਮਲਿਆਂ 'ਤੇ ਸਿਖਰਲੀ ਬੌਡੀ ਹੋਵੇਗਾ। ਇਹ,-

(ੳ) ਬਿਊਰੋ ਦੇ ਵਿਨਿਯਮ ਅਤੇ ਜ਼ਾਬਤੇ ਪ੍ਰਵਾਨ ਕਰਨ ਅਤੇ ਕਾਰਜਕਾਰੀ ਕਮੇਟੀ ਅਤੇ ਮੁੱਖ ਕਾਰਜਕਾਰੀ ਅਧਿਕਾਰੀ ਨੂੰ ਅਜਿਹੇ ਕਾਜਕਾਰ ਟਿੱਕਣ ਲਈ, ਜੋ ਹੋਰਵੇਂ ਉਲਿਖਤ ਨਹੀਂ ਕੀਤੇ ਗਏ ਹਨ;

(ਅ) ਬਿਊਰੋ ਦੇ ਪ੍ਰਭਾਵੀ ਕਾਜਕਾਰ ਲਈ ਲੋੜੀਂਦੀਆਂ ਅਸਾਮੀਆਂ ਦੇ ਸਿਰਜਣ, ਮਨਜ਼ੂਰੀ, ਅੰਤਕਰਣ ਅਤੇ ਮੁੜ-ਨਾਮਤ;

(ੲ) ਕਿਸੇ ਉਧਾਰੀਆਂ ਦੀ ਪ੍ਰਵਾਨਗੀ ਜਾਂ ਬਿਊਰੋ ਦੇ ਕਿਸੇ ਧਨਧਾਮਾਂ ਦਾ ਰਹਿਨ, ਜੇਕਰ ਲੋੜੀਂਦੀ ਹੋਵੇ;

(ਸ) ਇੱਕ ਨਿਵੇਸ਼ ਤਜਵੀਜ਼ ਜਾਂ ਪ੍ਰੋਜੈਕਟ ਲਈ ਕਿਸੇ ਵਿੱਤੀ ਉਤਸ਼ਾਹ ਜਾਂ ਹੋਰ ਲਾਭਾਂ ਦੀ, ਪੰਜਾਬ ਸਰਕਾਰ ਦੀਆਂ ਨੀਤੀਆਂ ਦੇ ਥੱਲੇ ਨਾ ਆਉਣ ਵਾਲੇ, ਅਜਿਹੀ ਨੀਤੀ ਦੇ ਅਪਵਾਦ, ਵਾਧੇ, ਸੋਧ ਵਜੋਂ, ਸਰਕਾਰ ਦੇ ਨਮਿੱਤ, ਪ੍ਰਵਾਨਗੀ ਅਤੇ ਮਨਜ਼ੂਰੀ;

(ਹ) ਬਿਊਰੋ ਦੇ ਸਲਾਨਾ ਬਜਟ, ਲੇਖਿਆਂ ਅਤੇ ਰਿਪੋਟਾਂ ਜਿਸ ਵਿੱਚ ਆਡਿਟ ਰਿਪੋਟਾਂ ਸ਼ਾਮਲ ਹਨ, ਦੀ ਪ੍ਰਵਾਨਗੀ;

(ਕ) ਸੌਂਪੇ ਗਏ ਕੰਮ ਜਿਸ ਵਿੱਚ ਵਿੱਤ, ਲੇਖੇ ਅਤੇ ਕਰਮਚਾਰੀ ਵਰਗ ਨਾਲ ਸਬੰਧਤ ਮਾਮਲੇ ਸ਼ਾਮਲ ਹਨ, ਨੂੰ ਨੇਪਰੇ ਚਾੜ੍ਹਨ ਲਈ ਇਸ ਐਕਟ ਅਧੀਨ ਅਜਿਹੇ ਨਿਯਮ ਅਤੇ ਵਿਨਿਯਮ ਬਣਾਉਣ ਜਿਵੇਂ ਇਹ ਇਸ ਦੇ ਜਾਂ ਬਿਊਰੋ ਦੇ ਕਾਰੋਬਾਰ ਕਰਨ ਲਈ ਜ਼ਰੂਰੀ ਅਤੇ ਉਚਿਤ ਸਮਝੇ;

ਲਈ ਜ਼ਿੰਮੇਵਾਰ ਹੋਵੇਗਾ।

5. (1) ਇੱਕ ਕਾਰਜਕਾਰੀ ਕਮੇਟੀ ਹੋਵੇਗੀ ਜੋ ਗਵਰਨਰਾਂ ਦੇ ਬੋਰਡ ਨੂੰ ਰਿਪੋਟ ਕਰੇਗੀ। ਕਾਰਜਕਾਰੀ ਕਮੇਟੀ।

(2) ਕਾਰਜਕਾਰੀ ਕਮੇਟੀ ਦਾ ਗਠਨ ਹੇਠ-ਲਿਖੇ ਅਨੁਸਾਰ ਹੋਵੇਗਾ, ਅਰਥਾਤ:-

| | | | |
|---|---|---|---|
| (i) | ਮੁੱਖ ਸਕੱਤਰ, ਪੰਜਾਬ; | : | ਚੇਅਰਮੈਨ |
| (ii) | ਪ੍ਰਮੁੱਖ ਸਕੱਤਰ, ਵਿੱਤ; | : | ਮੈਂਬਰ |
| (iii) | ਪ੍ਰਮੁੱਖ ਸਕੱਤਰ, ਮੁੱਖ ਮੰਤਰੀ; | : | ਮੈਂਬਰ |
| (iv) | ਪ੍ਰਮੁੱਖ ਸਕੱਤਰ, ਉਦਯੋਗ ਅਤੇ ਵਣਜ; | : | ਮੈਂਬਰ |
| (v) | ਪ੍ਰਮੁੱਖ ਸਕੱਤਰ, ਨਿਵੇਸ਼ ਤਰੱਕੀ; ਅਤੇ | : | ਮੈਂਬਰ |
| (vi) | ਮੁੱਖ ਕਾਰਜਕਾਰੀ ਅਧਿਕਾਰੀ। | : | ਮੈਂਬਰ-ਸਕੱਤਰ |

(3) ਕਾਰਜਕਾਰੀ ਕਮੇਟੀ ਇੱਕ ਵਿਭਾਗ ਦੇ ਸਬੰਧਤ ਪ੍ਰਬੰਧਕੀ ਸਕੱਤਰ ਜਾਂ ਕਿਸੇ ਹੋਰ ਅਧਿਕਾਰੀ ਨੂੰ, ਅਜਿਹੇ ਵਿਭਾਗ ਦੀ ਕੋਈ ਵਿਸ਼ੇਸ਼ ਤਜਵੀਜ਼ ਜਾਂ ਮੁੱਦੇ ਤੇ ਚਰਚਾ ਕਰਨ ਅਤੇ ਅੰਤਮ ਰੂਪ ਦੇਣ ਲਈ, ਇੱਕ ਵਿਸ਼ੇਸ਼ ਮਹਿਮਾਨ ਵਜੋਂ ਸੱਦ ਸਕਦੀ ਹੈ।

(4) ਕਾਰਜਕਾਰੀ ਕਮੇਟੀ ਇਸ ਦੇ ਕਾਜਕਾਰਾਂ ਦੇ ਉਚਿਤ ਅਤੇ ਪ੍ਰਭਾਵੀ ਨਿਸਤਾਰੇ ਲਈ ਕਿਸੇ ਹੋਰ ਮੈਂਬਰ ਨੂੰ ਕੋ-ਆਪਟ ਕਰ ਸਕਦੀ ਹੈ, ਜੇ ਇਸ ਤਰ੍ਹਾਂ ਲੋੜਿਆ ਜਾਵੇ।

(5) ਕਾਰਜਕਾਰੀ ਕਮੇਟੀ ਬਿਊਰੋ ਦੇ ਕਾਜਕਾਰਾਂ ਦੀ ਨਿਯਮਤ ਤੌਰ 'ਤੇ ਅਗਵਾਈ, ਮਾਨੀਟਰ, ਨਿਗਰਾਨੀ ਅਤੇ ਨਜ਼ਰਸਾਨੀ ਕਰੇਗੀ।

(6) ਕਾਰਜਕਾਰੀ ਕਮੇਟੀ ਨਿਵੇਸ਼ ਤਜਵੀਜ਼ਾਂ ਬਾਬਤ ਜੋ ਸਮੇਂ ਸਮੇਂ 'ਤੇ ਅਧਿਸੂਚਿਤ ਤੇ ਬਣਾਈਆਂ ਗਈਆਂ ਸਰਕਾਰ ਦੀਆਂ ਨੀਤੀਆਂ ਤੋਂ ਬਾਹਰ ਵਿੱਤੀ ਜਾਂ ਹੋਰ ਉਤਸ਼ਾਹ ਚਾਹੁੰਦੀਆਂ ਹਨ, ਗਵਰਨਰਾਂ ਦੇ ਬੋਰਡ ਨੂੰ ਸਿਫ਼ਾਰਸ਼ਾਂ ਕਰਨ ਲਈ ਜ਼ਿੰਮੇਵਾਰ ਹੋਵੇਗੀ।

(7) ਕਾਰਜਕਾਰੀ ਕਮੇਟੀ ਅਜਿਹੇ ਹੋਰ ਕਾਜਕਾਰ ਸਿਰੇ ਚਾੜ੍ਹੇਗੀ ਜੋ ਇਸ ਨੂੰ ਸਰਕਾਰ ਜਾਂ ਗਵਰਨਰਾਂ ਦੇ ਬੋਰਡ ਦੁਆਰਾ ਸੌਂਪੇ ਜਾ ਸਕਦੇ ਹਨ।

(8) ਜੇਕਰ ਜ਼ਰੂਰੀ ਸਮਝਿਆ ਜਾਵੇ ਤਾਂ ਕਾਰਜਕਾਰੀ ਕਮੇਟੀ ਕਿਸੇ ਮਾਮਲੇ ਜਾਂ ਮੁੱਦੇ ਨੂੰ ਉਸ ਦੀਆਂ ਸਿਫ਼ਾਰਸ਼ਾਂ ਜਾਂ ਸੁਝਾਵਾਂ ਦੇ ਨਾਲ ਸਰਕਾਰ ਜਾਂ ਗਵਰਨਰਾਂ ਦੇ ਬੋਰਡ ਨੂੰ ਸੌਂਪ ਸਕਦੀ ਹੈ; ਅਤੇ

(9) ਕਾਰਜਕਾਰੀ ਕਮੇਟੀ ਆਪਣੀਆਂ ਕਿਸੇ ਵੀ ਸ਼ਕਤੀਆਂ ਨੂੰ ਮੁੱਖ ਕਾਰਜਕਾਰੀ ਅਧਿਕਾਰੀ ਨੂੰ ਡੈਲੀਗੇਟ ਕਰ ਸਕੇਗੀ।

ਵਿਸ਼ੇਸ਼ ਕਮੇਟੀ (ਆਂ)।

6. ਕਾਰਜਕਾਰੀ ਕਮੇਟੀ ਸਮੇਂ ਸਮੇਂ 'ਤੇ ਅਜਿਹੀਆਂ ਵਿਸ਼ੇਸ਼ ਕਮੇਟੀ (ਆਂ) ਦਾ ਗਠਨ ਕਰ ਸਕਦੀ ਹੈ, ਜੋ ਇਸ ਨੂੰ ਇਸ ਦੇ ਕਾਜਕਾਰਾਂ ਨੂੰ ਸਿਰੇ ਚਾੜ੍ਹਨ ਵਿੱਚ ਸਹਾਇਤਾ ਕਰਨ ਅਤੇ ਰਾਜ ਵਿੱਚ ਨਿਵੇਸ਼ ਸੌਖਾ ਕਰਨ ਲਈ ਜ਼ਰੂਰੀ ਸਮਝੀਆਂ ਜਾਂਦੀਆਂ ਹਨ।

ਮੁੱਖ ਕਾਰਜਕਾਰੀ ਅਧਿਕਾਰੀ ਦੇ ਕਾਜਕਾਰ।

7. ਮੁੱਖ ਕਾਰਜਕਾਰੀ ਅਧਿਕਾਰੀ ਦੇ ਨਿਮਨ-ਲਿਖਤ ਕਾਜਕਾਰ ਹੋਣਗੇ,-

(ੳ) ਰਾਜ ਵਿੱਚ ਸਾਰੀਆਂ ਨਿਵੇਸ਼ ਤਜਵੀਜ਼ਾਂ ਨੂੰ ਪ੍ਰਾਪਤ ਕਰਨਾ, ਪ੍ਰੋਸੈਸ ਕਰਨਾ ਅਤੇ ਪ੍ਰਵਾਨ ਕਰਨਾ;

(ਅ) ਵਪਾਰ, ਵਣਜ ਅਤੇ ਉਦਯੋਗ ਦੇ ਸਾਰੇ ਸੈਕਟਰਾਂ ਬਾਰੇ ਰਾਜ ਵਿੱਚ ਨਵੇਂ ਨਿਵੇਸ਼ ਅਤੇ ਇਸ ਦੀ ਵਾਸਤਵਿਕਤਾ ਨੂੰ ਉਤਸ਼ਾਹਿਤ ਕਰਨ ਲਈ ਸਰਕਾਰ ਨਾਲ ਤਾਲਮੇਲ ਕਰਨਾ;

(ੲ) ਜ਼ਰੂਰੀ ਪ੍ਰਵਿਧਾਨਕ ਅਤੇ ਹੋਰ ਪ੍ਰਵਾਨਗੀਆਂ ਲਈ ਉਲਿਖਤ ਸ਼ਰਤਾਂ ਪੂਰੀਆਂ ਕਰਨ ਦੇ ਤਾਬੇ, ਲੋੜੀਂਦੀਆਂ ਪ੍ਰਵਾਨਗੀਆਂ ਜਾਰੀ ਕਰਨਾ ਜੇਕਰ ਤਜਵੀਜ਼ ਸਰਕਾਰ ਦੇ ਪੰਜਾਬ ਵਿੱਤੀ ਉਦਯੋਗਿਕ ਉਤਸ਼ਾਹ ਪੈਕੇਜ, 2013 ਜਾਂ ਕੋਈ ਅਜਿਹੀ ਉਸੇ ਪ੍ਰਕਾਰ ਦੀ ਨੀਤੀ, ਪੈਕੇਜ ਜਾਂ ਪ੍ਰੋਗਰਾਮ ਦੇ ਅਧੀਨ ਆਉਂਦੀ ਹੈ;

(ਸ) ਉਨ੍ਹਾਂ ਸਾਰੇ ਮਾਮਲਿਆਂ ਵਿੱਚ ਪ੍ਰਵਾਨਗੀਆਂ ਦੇਣੀਆਂ, ਜਿੱਥੇ ਸਾਰੀਆਂ ਜ਼ਰੂਰੀ ਪ੍ਰਵਿਧਾਨਿਕ ਅਤੇ ਹੋਰ ਪ੍ਰਵਾਨਗੀਆਂ ਪ੍ਰਾਪਤ ਕੀਤੀਆਂ ਜਾਂਦੀਆਂ ਹਨ ਜਾਂ ਪ੍ਰਾਪਤ ਹੋਈਆਂ ਸਮਝੀਆਂ ਜਾਂਦੀਆਂ ਹਨ;

(ਹ) ਨੀਤੀ ਅਨੁਸਾਰ ਉਤਸ਼ਾਹ ਲਈ ਪਾਤਰਤਾ ਦਾ ਸਰਟੀਫਿਕੇਟ ਜਾਰੀ ਕਰਨਾ;

(ਕ) ਕਾਰਜਕਾਰੀ ਕਮੇਟੀ ਨੂੰ ਮਾਮਲੇ ਸੌਂਪਣੇ ਜੋ ਪੂਰਨ ਤੌਰ 'ਤੇ ਸਰਕਾਰ ਦੀ ਨੀਤੀ ਦੇ ਅਧੀਨ ਆਉਂਦੇ ਹਨ;

(ਖ) ਇੱਕ ਵਿੱਤੀ ਸਾਲ ਦੌਰਾਨ ਬਿਊਰੋ ਦੁਆਰਾ ਪ੍ਰਵਾਨ ਕੀਤੀਆਂ ਤਜਵੀਜ਼ਾਂ ਦਾ ਸਲਾਨਾ ਆਡਿਟ ਸਿਰੇ ਚਾੜ੍ਹਨ ਲਈ ਇੱਕ ਜ਼ਾਬਤਾ ਵਿਕਸਤ ਕਰਨ ਵਿੱਚ ਭਿੰਨ-ਭਿੰਨ ਪ੍ਰਬੰਧਕੀ/ਲਾਈਨ ਵਿਭਾਗਾਂ ਦੀ ਸਹਾਇਤਾ ਕਰਨਾ ਜਿਨ੍ਹਾਂ ਦੀਆਂ ਸ਼ਕਤੀਆਂ ਭਿੰਨ-ਭਿੰਨ ਵਿਧਾਨਾਂ/ਐਕਟਾਂ/ਨਿਯਮਾਂ/ਵਿਨਿਯਮਾਂ ਅਧੀਨ ਉਸ ਨੂੰ ਵਿਰਾਸਤ ਵਿੱਚ ਮਿਲੀਆਂ ਹਨ;

(ਗ) ਕਿਸੇ ਨਿਵੇਸ਼ ਤਜਵੀਜ਼ ਦੇ ਸਬੰਧ ਵਿੱਚ ਬਿਊਰੋ ਵਿੱਚ ਕੰਮ ਕਰ ਰਹੇ ਲਾਈਨ ਵਿਭਾਗਾਂ ਦੇ ਭਿੰਨ-ਭਿੰਨ ਅਧਿਕਾਰੀਆਂ ਰਾਹੀਂ, ਅੰਤਰ-ਵਿਭਾਗੀ ਮਾਮਲਿਆਂ ਨੂੰ ਸੁਲਝਾਉਣਾ ਅਤੇ ਸਬੰਧਤ ਵਿਭਾਗਾਂ ਨਾਲ ਤਾਲਮੇਲ ਕਰਨਾ;

(ਘ) ਰਾਜ ਵਿੱਚ ਕਿਸੇ ਵੀ ਨਿਵੇਸ਼ਾਂ ਦੇ ਬਾਬਤ ਇੱਕ ਪ੍ਰੋਜੈਕਟ ਤਜਵੀਜ਼ਕਾਰ/ਦਰਖ਼ਾਸਤਕਰਤਾ ਦੀ ਅਜਿਹੇ ਢੰਗ ਨਾਲ ਅਗਵਾਈ ਕਰਨਾ ਜਿਵੇਂ ਉਹ ਇਹ ਯਕੀਨੀ ਬਣਾਉਣ ਲਈ ਮੁਨਾਸਬ ਸਮਝੇ ਕਿ ਨਿਵੇਸ਼ ਜਲਦੀ ਤੋਂ ਜਲਦੀ ਕੀਤਾ ਜਾਵੇ;

(ਙ) ਬਿਊਰੋ ਦੇ ਨਮਿੱਤ ਸਾਰੇ ਦਸਤਾਵੇਜ਼ਾਂ ਨੂੰ ਪ੍ਰਮਾਣੀਕ ਕਰਨਾ;

(ਚ) ਅਜਿਹੇ ਜ਼ਾਬਤੇ ਬਣਾਉਣੇ ਜੋ ਬਿਊਰੋ ਦੀ ਸੁਯੋਗ ਕਾਰਜਕਰਤਾ ਲਈ ਲੋੜੀਂਦੇ ਹੋਣ। ਗਵਰਨਰਾਂ ਦੇ ਬੋਰਡ ਨੂੰ ਅਜਿਹੇ ਜ਼ਾਬਤਿਆਂ ਬਾਰੇ

ਅਧਿਸੂਚਿਤ ਕੀਤਾ ਜਾਵੇਗਾ ਜਿਵੇਂ ਇਹ ਸਮੇਂ ਸਮੇਂ 'ਤੇ ਠੀਕ ਸਮਝੇ; ਅਤੇ

(ਛ) ਅਜਿਹੇ ਹੋਰ ਕਾਜਕਾਰਾਂ ਦਾ ਨਿਸਤਾਰਾ ਕਰਨਾ ਜੋ ਉਸ ਨੂੰ ਸਰਕਾਰ ਜਾਂ ਗਵਰਨਰਾਂ ਦੇ ਬੋਰਡ ਜਾਂ ਕਾਰਜਕਾਰੀ ਕਮੇਟੀ ਦੁਆਰਾ ਸਮੇਂ ਸਮੇਂ 'ਤੇ ਸੌਂਪੇ ਜਾਣ।

ਬਿਊਰੋ ਦੀਆਂ ਸ਼ਕਤੀਆਂ।

8. (1) ਸਰਕਾਰ ਦੇ ਸਮੁੱਚੇ ਕੰਟਰੋਲ ਅਤੇ ਨਿਗਰਾਨੀ ਦੇ ਤਾਬੇ, ਬਿਊਰੋ ਇਸ ਐਕਟ ਦੇ ਉਦੇਸ਼ਾਂ ਨੂੰ ਸਿਰੇ ਚਾੜ੍ਹਨ ਲਈ ਪੰਜਾਬ ਸਰਕਾਰ ਦੇ ਸਾਰੇ ਵਿਭਾਗਾਂ ਦੀਆਂ ਸ਼ਕਤੀਆਂ ਦੀ ਵਰਤੋਂ ਕਰੇਗੀ ਜੋ ਇਸ ਨੂੰ ਉਨ੍ਹਾਂ ਦੇ ਸਬੰਧਤ ਨਿਯਮਾਂ ਜਾਂ ਵਿਨਿਯਮਾਂ ਜਾਂ ਐਕਟਾਂ ਜਾਂ ਅਧਿਸੂਚਨਾਵਾਂ ਅਧੀਨ, ਜਿਹੀ ਕਿ ਸੂਰਤ ਹੋਵੇ, ਵਿਰਸੇ ਵਿੱਚ ਮਿਲੀਆਂ ਹੋਣ ਜਿਸ ਵਿੱਚ ਹੇਠ-ਲਿਖੇ ਸ਼ਾਮਲ ਹਨ ਪ੍ਰੰਤੂ ਇਨ੍ਹਾਂ ਤੱਕ ਸੀਮਤ ਨਹੀਂ:-

| ਲੜੀ ਨੰ: | ਵਿਭਾਗ ਦਾ ਨਾਂ | ਨਿਯੰਤਰਕ ਅਥਾਰਟੀ | ਬਿਊਰੋ ਵਿੱਚ ਨਿਹਿਤ ਸ਼ਕਤੀਆਂ |
|---|---|---|---|
| 1. | ਵਿਗਿਆਨ, ਤਕਨਾਲੋਜੀ ਅਤੇ ਵਾਤਾਵਰਣ | ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ | (i) ਜਲ (ਪ੍ਰਦੂਸ਼ਣ ਦੀ ਰੋਕਥਾਮ ਅਤੇ ਕੰਟਰੋਲ) ਐਕਟ, 1974 ਅਤੇ ਹਵਾ (ਪ੍ਰਦੂਸ਼ਣ ਦੀ ਰੋਕਥਾਮ ਅਤੇ ਕੰਟਰੋਲ) ਐਕਟ, 1981 ਅਧੀਨ ਸਥਾਪਤ ਕਰਨ ਲਈ ਸੰਮਤੀ ਅਤੇ ਚਲਾਉਣ ਲਈ ਸੰਮਤੀ।<br>(ii) ਜੋਖੋਂ ਕਚਰਾ (ਪ੍ਰਬੰਧਨ ਅਤੇ ਸੀਮਾਪਾਰ ਸੰਚਾਲਨ) ਨਿਯਮ, 2016 ਅਧੀਨ ਅਖ਼ਤਿਆਰ।<br>(iii) ਜੋਖੋਂ ਅਤੇ ਹੋਰ ਕਚਰਾ (ਪ੍ਰਬੰਧਨ ਅਤੇ ਸੀਮਾਪਾਰ ਸੰਚਾਲਨ) ਨਿਯਮ, 2016 ਅਧੀਨ ਮੁੜ ਵਰਤੋਂ ਲਈ ਰਜਿਸਟਰੀਕਰਨ।<br>(iv) ਸ਼ਕਤਵਾਨ ਰਾਜ |

| | | | |
|---|---|---|---|
| | | | ਅਥਾਰਟੀ ਨਿਕਾਸੀ/ ਜਗ੍ਹਾ ਮੁਲਾਂਕਣ/ ਪ੍ਰਵਾਨਗੀਆਂ (ਫੈਕਟਰੀਜ਼ ਐਕਟ, 1948 ਅਧੀਨ)।<br>(v) ਈ-ਕਚਰਾ (ਪ੍ਰਬੰਧਨ) ਨਿਯਮ, 2016 ਅਧੀਨ ਅਖ਼ਤਿਆਰ।<br>(vi) ਪਲਾਸਟਿਕ ਕਚਰਾ ਪ੍ਰਬੰਧਨ ਨਿਯਮ, 2016 ਅਧੀਨ ਰਜਿਸਟਰੀਕਰਨ।<br>(vii) ਬਾਇਓ ਮੈਡੀਕਲ ਕਚਰਾ ਪ੍ਰਬੰਧਨ ਨਿਯਮ, 2016 ਲਈ ਅਖ਼ਤਿਆਰ। |
| 2. | ਆਬਕਾਰੀ ਅਤੇ ਕਰ | ਆਬਕਾਰੀ ਅਤੇ ਕਰ ਕਮਿਸ਼ਨਰ | -ਵੀ.ਏ.ਟੀ ਉਤਸ਼ਾਹ।<br>-ਰਜਿਸਟਰੀਕਰਨ।<br>ਜੀ.ਐੱਸ.ਟੀ. ਉਤਸ਼ਾਹ। |
| 3. | ਕਿਰਤ | ੳ) ਡਾਇਰੈਕਟਰ ਫੈਕਟਰੀਜ਼<br>ਅ) ਕਿਰਤ ਕਮਿਸ਼ਨਰ | - ਦੁਕਾਨ ਰਜਿਸਟਰੀਕਰਨ।<br>- ਕਿਰਤ ਲਈ ਮੁਆਇਦਾਕਾਰ ਨਿਯੋਜਤ ਕਰਨ ਲਈ ਇਜ਼ਾਜਤ।<br>- ਕਿਰਤ ਕਾਨੂੰਨਾਂ ਅਧੀਨ ਸਲਾਨਾ ਵਿਵਰਣ।<br>- ਫੈਕਟਰੀਜ਼ ਲਸੰਸ।<br>- ਫੈਕਟਰੀਜ਼ ਐਕਟ, 1948 ਅਧੀਨ ਸਲਾਨਾ ਫਾਈਲ ਕਰਨਾ।<br><br>- ਫੈਕਟਰੀ ਇਮਾਰਤ ਯੋਜਨਾ ਪ੍ਰਵਾਨਗੀ। |
| 4. | ਉਦਯੋਗ | ਡਾਇਰੈਕਟਰ ਬੁਆਇਲਰ | ਬੁਆਇਲਰ ਐਕਟ, 1923 ਅਧੀਨ ਰਜਿਸਟਰੀਕਰਨ। |

| | | | |
|---|---|---|---|
| 5. | ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ | ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਵਿਭਾਗ | - ਭੌਂ ਦੀ ਵਰਤੋਂ ਵਿੱਚ ਤਬਦੀਲੀ।<br>- ਇਮਾਰਤ ਯੋਜਨਾਵਾਂ ਦੀ ਪ੍ਰਵਾਨਗੀ। |
| 6. | ਸਥਾਨਕ ਸਰਕਾਰ | ਖੇਤਰੀ ਉਪ ਡਾਇਰੈਕਟਰ ਅਤੇ ਕਮਿਸ਼ਨਰ, ਸ਼ਹਿਰੀ ਸਥਾਨਕ ਬੌਡੀਆਂ | - ਭੌਂ ਦੀ ਵਰਤੋਂ ਵਿੱਚ ਤਬਦੀਲੀ।<br>- ਇਮਾਰਤ ਯੋਜਨਾਵਾਂ ਦੀ ਪ੍ਰਵਾਨਗੀ ਅਤੇ ਪੂਰਤੀ ਸਰਟੀਫਿਕੇਟ।<br>- ਸੰਪੱਤੀ ਅਤੇ ਹੋਰ ਸਥਾਨਕ ਕਰ ਛੱਡਣੇ।<br>- ਅੱਗ ਸੇਵਾਵਾਂ ਦੀ ਐੱਨ.ਓ.ਸੀ.। |
| 7. | ਜੰਗਲਾਤ ਅਤੇ ਜੰਗਲੀ ਜੀਵ | ਪ੍ਰਮੁੱਖ ਮੁੱਖ ਕਨਜ਼ਰਵੇਟਰ, ਜੰਗਲਾਤ ਅਤੇ ਜੰਗਲੀ ਜੀਵ | - ਐੱਨ.ਓ.ਸੀ.(ਆਂ) ਪ੍ਰਵਾਨਗੀਆਂ ਜਾਰੀ ਕਰਨਾ।<br>- ਜਿੱਥੇ ਪਹੁੰਚ/ਪ੍ਰਵੇਸ਼/ ਰਵਾਨਗੀ ਜੰਗਲਾਤ ਭੌਂ ਪਲਿੱਚਦਾ ਹੈ।<br>- ਜੰਗਲਾਤ ਭੌਂ ਦਾ ਰੁੱਖ ਮੋੜਨਾ (ਇੱਕ ਹੈਕਟੇਅਰ ਤੋਂ ਘੱਟ)। |
| 8. | ਊਰਜਾ | ਪੰਜਾਬ ਰਾਜ ਊਰਜਾ ਨਿਗਮ ਲਿਮਟਿਡ ਅਤੇ ਪੰਜਾਬ ਰਾਜ ਸੰਚਾਰ ਨਿਗਮ ਲਿਮਟਿਡ | -ਲੋਡ ਮਨਜ਼ੂਰੀ ਅਤੇ ਨਵੇਂ ਬਿਜਲੀ ਕੁਨੈਕਸ਼ਨ ਦੇਣਾ।<br>- ਉਚੇਰੀ ਬਿਜਲੀ ਵਾਹਕ/ ਅਧਿਕ ਉਚੇਰੀ ਬਿਜਲੀ ਵਾਹਕ (100 ਕੇ.ਵੀ. ਤੋਂ ਉੱਪਰ) ਤਾਰਾਂ ਲਈ ਇਕਰਾਰਨਾਮਾ। |
| 9. | ਊਰਜਾ | ਮੁੱਖ ਇਲੈਕਟ੍ਰੀਕਲ ਨਿਰੀਖਕ | -ਇਲੈਕਟ੍ਰੀਕਲ ਅਧਾਰਕ ਬਣਤਰ ਦਾ ਪ੍ਰਮਾਣਨ।<br>- ਬਿਜਲੀ ਮਸੂਲ ਛੋਟ। |

| | | | |
|---|---|---|---|
| 10. | ਮਾਲ | ਵਿੱਤੀ ਕਮਿਸ਼ਨਰ, ਮਾਲ, ਜ਼ਿਲ੍ਹਾ ਕੁਲੈਕਟਰ, ਜ਼ਿਲ੍ਹਾ ਮਾਲ ਅਧਿਕਾਰੀ ਅਤੇ ਸਬ-ਰਜਿਸਟਰਾਰ। | - ਅਸ਼ਟਾਮ ਮਸੂਲ ਛੋਟ। |

(2) ਸਰਕਾਰ, ਅਧਿਸੂਚਨਾ ਦੁਆਰਾ ਬਿਊਰੋ ਨੂੰ ਅਜਿਹੀਆਂ ਹੋਰ ਸ਼ਕਤੀਆਂ ਦੇ ਸਕਦੀ ਹੈ, ਜੋ ਸਮੇਂ ਸਮੇਂ ਤੇ ਲੋੜੀਆਂ ਜਾਣ।

(3) ਬਿਊਰੋ ਦੇ ਨਮਿੱਤ ਇਹ ਸ਼ਕਤੀਆਂ ਪ੍ਰੋਜੈਕਟ ਦੇ ਉਤਪਾਦਨ/ਅਮਲ ਅਰੰਭ ਹੋਣ ਤੱਕ ਮੁੱਖ ਕਾਰਜਕਾਰੀ ਅਧਿਕਾਰੀ ਦੁਆਰਾ ਵਰਤੀਆਂ ਜਾਣਗੀਆਂ। ਉਸ ਪਿੱਛੋਂ, ਸਾਰੀਆਂ ਨਿਕਾਸੀਆਂ ਸਬੰਧਤ ਵਿਭਾਗ/ਨਿਯੰਤਰਕ/ਏਜੰਸੀ, ਜਿਹੀ ਕਿ ਸੂਰਤ ਹੋਵੇ, ਦੁਆਰਾ ਦਿੱਤੀਆਂ ਜਾਣਗੀਆਂ।

(4) ਭਿੰਨ-ਭਿੰਨ ਸੈਕਟਰਾਂ ਵਿੱਚ ਨਿਵੇਸ਼ ਉੱਨਤੀ ਲਈ (ਰਾਜ ਦੇ ਅੰਦਰ ਅਤੇ ਬਾਹਰ ਦੋਵੇਂ) ਪ੍ਰਦਰਸ਼ਨੀਆਂ, ਕਨਵੈਨਸ਼ਨਾਂ, ਸੰਮੇਲਨ ਅਤੇ ਨਿਵੇਸ਼ਕਾਂ ਦੇ ਸਿਖਰ ਸੰਮੇਲਨ ਆਯੋਜਤ ਕਰਵਾਉਣ ਲਈ ਬਿਊਰੋ ਰਾਜ ਦੀ ਨੋਡਲ ਏਜੰਸੀ ਹੋਵੇਗੀ।

ਆਨਲਾਈਨ ਪੋਰਟਲ।

8-ੳ. ਸਰਕਾਰ ਇੱਕ ਸਮਰਪਿਤ ਆਨਲਾਈਨ ਪੋਰਟਲ ਸਥਾਪਤ ਕਰੇਗੀ ਜਿਹੜਾ ਸਾਰੀਆਂ ਨਿਕਾਸੀਆਂ ਲਈ ਇੱਕ ਇਕਹਿਰੀ ਖਿੜਕੀ ਦੇ ਤੌਰ ਤੇ ਸੇਵਾ ਕਰੇਗਾ ਅਤੇ ਸਾਰੀਆਂ ਨਿਕਾਸੀਆਂ ਵਿਨਿਯੋਜਤ ਕਰਨ ਦੇ ਪ੍ਰਯੋਜਨ ਲਈ ਜੋ ਪੰਜਾਬ ਰਾਜ ਵਿੱਚ ਕਾਰੋਬਾਰ ਸਥਾਪਤ ਕਰਨ ਅਤੇ ਚਲਾਉਣ ਲਈ ਲੋੜੀਂਦੀਆਂ ਹਨ, ਇਸ ਆਨਲਾਈਨ ਪੋਰਟਲ ਦੀ ਵਰਤੋਂ ਕਰਨਾ ਸਰਕਾਰ ਦੇ ਸਾਰੇ ਵਿਭਾਗਾਂ ਲਈ ਲਾਜ਼ਮੀ ਹੋਵੇਗਾ, ਜਿਵੇਂ ਸਰਕਾਰ ਦੁਆਰਾ ਸਮੇਂ ਸਮੇਂ 'ਤੇ ਅਧਿਸੂਚਤ ਕੀਤਾ ਜਾਵੇ।

ਸਮਝੀ ਨਿਕਾਸੀ।

8-ਅ. (1) ਸ਼ਕਤਵਾਨ ਅਥਾਰਟੀ ਵੱਲੋਂ ਆਨਲਾਈਨ ਪੋਰਟਲ 'ਤੇ ਦਾਇਰ ਕੀਤੀ ਕਿਸੇ ਦਰਖ਼ਾਸਤ 'ਤੇ ਅਨੁਬੰਧਤ ਸਮੇਂ ਦੇ ਅੰਦਰ ਨਿਕਾਸੀ ਜਾਰੀ ਕਰਨ ਵਿੱਚ ਅਸਫ਼ਲ ਰਹਿਣ 'ਤੇ, ਦਰਖ਼ਾਸਤ 'ਤੇ ਅਜਿਹੀ ਨਿਕਾਸੀ ਜਾਰੀ ਹੋਈ ਸਮਝੀ ਜਾਵੇਗੀ:

ਪਰੰਤੂ ਦਰਖ਼ਾਸਤ ਸਾਰੀਆਂ ਗੱਲਾਂ ਵਿੱਚ ਪੂਰੀ ਹੈ ਜਿਸ ਵਿੱਚ ਲੋੜੀਂਦੀਆਂ ਫ਼ੀਸਾਂ ਜਮ੍ਹਾਂ ਕਰਵਾਉਣਾ ਅਤੇ ਦਰਖ਼ਾਸਤਕਰਤਾ ਦੁਆਰਾ ਸੁਸੰਗਤ ਐਕਟ ਜਾਂ ਇਸ ਦੇ ਅਧੀਨ ਬਣਾਏ ਗਏ ਕਿਸੇ ਵੀ ਨਿਯਮਾਂ, ਨੀਤੀ, ਸੇਧਾਂ ਦੇ ਸਾਰੇ ਉਪਬੰਧਾਂ ਦੀ ਪਾਲਣਾ ਕਰਨ ਦਾ ਜ਼ਿੰਮਾ ਲੈਣਾ ਅਤੇ ਉਸ ਦੀ ਪਾਲਣਾ ਨਾ ਕਰਨ ਦੀ ਸੂਰਤ ਵਿੱਚ ਦੰਡਕ ਕਾਰਵਾਈ ਦਾ ਸਾਹਮਣਾ ਕਰਨਾ, ਸ਼ਾਮਲ ਹੈ।

(2) ਉਪ-ਧਾਰਾ (1) ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਸ਼ਕਤਵਾਨ ਅਥਾਰਟੀ, ਮੁਕੰਮਲ ਦਰਖ਼ਾਸਤ ਜਮ੍ਹਾਂ ਕਰਵਾਉਣ ਦੇ ਪਹਿਲੇ ਸੱਤ ਦਿਨਾਂ ਦੇ ਅੰਦਰ, ਦਰਖ਼ਾਸਤਕਰਤਾ ਤੋਂ ਵਾਧੂ ਸੂਚਨਾ ਦੀ ਮੰਗ ਕਰ ਸਕੇਗੀ:

ਪਰੰਤੂ ਵਾਧੂ ਸੂਚਨਾ ਦੀ ਅਜਿਹੀ ਬੇਨਤੀ ਸ਼ਕਤਵਾਨ ਅਥਾਰਟੀ ਦੁਆਰਾ ਕੇਵਲ ਇੱਕ ਵਾਰ ਹੀ ਕੀਤੀ ਜਾਵੇਗੀ।

(3) ਜੇਕਰ ਦਰਖ਼ਾਸਤਕਰਤਾ ਦੁਆਰਾ ਸ਼ਕਤਵਾਨ ਅਥਾਰਟੀ ਨੂੰ ਮੁਹੱਈਆ ਕਰਵਾਈ ਵਾਧੂ ਸੂਚਨਾ ਜਾਂਚ ਕਰਨ ਤੇ ਨਾ-ਕਾਫ਼ੀ ਜਾਂ ਨਾ ਤਸੱਲੀਬਖ਼ਸ਼ ਪਾਈ ਜਾਂਦੀ ਹੈ, ਤਾਂ ਸ਼ਕਤਵਾਨ ਅਥਾਰਟੀ ਨੂੰ ਦਰਖ਼ਾਸਤ ਨੂੰ ਰੱਦ ਕਰਨ ਦੇ ਕਾਰਨ ਦੱਸਦੇ ਹੋਏ, ਲਿਖਤੀ ਰੂਪ ਵਿੱਚ ਇੱਕ ਹੁਕਮ ਜਾਰੀ ਕਰਦੇ ਹੋਏ, ਅਨੁਬੰਧਤ ਸਮੇਂ ਦੇ ਅੰਦਰ ਦਰਖ਼ਾਸਤ ਨੂੰ ਰੱਦ ਕਰਨ ਦੀ ਖੁੱਲ੍ਹ ਹੋਵੇਗੀ:

ਪਰੰਤੂ ਸ਼ਕਤਵਾਨ ਅਥਾਰਟੀ ਦੁਆਰਾ ਅਨੁਬੰਧਤ ਸਮੇਂ ਦੇ ਅੰਦਰ ਕੋਈ ਹੁਕਮ ਜਾਰੀ ਨਾ ਕਰਨ ਦੀ ਸੂਰਤ ਵਿੱਚ, ਦਰਖ਼ਾਸਤ 'ਤੇ ਨਿਕਾਸੀ ਜਾਰੀ ਹੋਈ ਸਮਝੀ ਜਾਵੇਗੀ।

(4) ਸਮਝੀ ਨਿਕਾਸੀ, ਵਾਸਤਵ ਵਿੱਚ, ਸ਼ਕਤਵਾਨ ਅਥਾਰਟੀ ਦੁਆਰਾ ਸੁਸੰਗਤ ਐਕਟ ਜਾਂ ਇਸ ਦੇ ਅਧੀਨ ਬਣਾਏ ਗਏ ਕਿਸੇ ਨਿਯਮਾਂ, ਨੀਤੀ, ਸੇਧਾਂ ਅਧੀਨ ਜਾਰੀ ਨਿਕਾਸੀ ਦਾ ਅਸਰ ਰੱਖੇਗੀ।

ਸਮਝੀ ਨਿਕਾਸੀ ਦਾ ਪਰਤਾਉ।

8-ੲ. (1) ਸਬੰਧਤ ਪ੍ਰਬੰਧਕੀ ਸਕੱਤਰ, ਜਾਰੀ ਹੋਏ ਇੱਕ ਲਿਖਤੀ ਹੁਕਮ ਰਾਹੀਂ ਇਸ ਦੇ ਕਾਰਨਾਂ ਦੀ ਨਿਸ਼ਾਨਦੇਹੀ ਕਰਦੇ ਹੋਏ, ਧਾਰਾ 8-ਅ ਅਧੀਨ ਜਾਰੀ ਕੀਤੀ ਸਮਝੀ ਨਿਕਾਸੀ ਨੂੰ, ਸਮਝੀ ਨਿਕਾਸੀ ਦੇ ਜਾਰੀ ਹੋਣ ਦੀ ਤਰੀਕ ਤੋਂ ਛੇ ਮਹੀਨਿਆਂ ਦੀ ਮੁੱਦਤ ਦੇ ਅੰਦਰ, ਪਰਤਾ ਸਕਦਾ ਹੈ, ਜੇਕਰ ਦਰਖ਼ਾਸਤਕਰਤਾ ਦੁਆਰਾ ਸਾਂਝੇ ਦਰਖ਼ਾਸਤ ਫ਼ਾਰਮ ਜਾਂ ਕਿਸੇ ਸਹਾਇਕ ਦਸਤਾਵੇਜ਼ ਵਿੱਚ ਕੀਤੀ ਗਈ ਕੋਈ ਅਰਜ਼ ਝੂਠੀ ਜਾਂ ਕਪਟ-ਪੂਰਨ ਪਾਈ ਜਾਂਦੀ ਹੈ ਜਾਂ ਸਰਕਾਰ ਦੁਆਰਾ ਜਾਰੀ ਸਮਝੀ ਨਿਕਾਸੀ ਦੇ ਆਧਾਰ 'ਤੇ ਦਰਖ਼ਾਸਤਕਰਤਾ ਵੱਲੋਂ ਚਲਾਇਆ ਜਾਂ ਸਥਾਪਤ ਕੀਤਾ ਕਾਰੋਬਾਰ ਸੁਸੰਗਤ ਐਕਟ ਜਾਂ ਇਸ ਦੇ ਅਧੀਨ ਬਣਾਏ ਗਏ ਕਿਸੇ ਨਿਯਮਾਂ, ਨੀਤੀ, ਸੇਧਾਂ ਦੀ ਖ਼ਿਲਾਫ਼ਵਰਜ਼ੀ ਵਿੱਚ ਪਾਇਆ ਜਾਂਦਾ ਹੈ ਅਤੇ ਅਜਿਹਾ ਤੱਥ ਸਬੰਧਤ ਵਿਭਾਗ ਜਾਂ ਏਜੰਸੀ ਦੇ ਨੋਟਿਸ ਵਿੱਚ ਲਿਆਂਦਾ ਜਾਂਦਾ ਹੈ।

(2) ਖ਼ਿਲਾਫ਼ਵਰਜ਼ੀ ਦੀ ਸੂਰਤ ਵਿੱਚ, ਸ਼ਕਤਵਾਨ ਅਥਾਰਟੀ ਦੁਆਰਾ ਸੁਸੰਗਤ ਕਾਨੂੰਨ ਅਧੀਨ ਦਰਖ਼ਾਸਤਕਰਤਾ ਵਿਰੁੱਧ ਕਾਰਵਾਈ ਅਰੰਭੀ ਜਾਵੇਗੀ:

ਪਰੰਤੂ ਅਜਿਹੀ ਕੋਈ ਕਾਰਵਾਈ ਦਰਖ਼ਾਸਤਕਰਤਾ ਨੂੰ ਸੁਣਵਾਈ ਦਾ ਮੌਕਾ ਦਿੱਤੇ ਜਾਣ ਤੋਂ ਬਾਅਦ ਅਰੰਭੀ ਜਾਵੇਗੀ ਅਤੇ ਸਬੰਧਤ ਪ੍ਰਬੰਧਕੀ ਸਕੱਤਰ ਦੁਆਰਾ ਹੁਕਮ ਲਿਖਤੀ ਰੂਪ ਵਿੱਚ ਜਾਰੀ ਕੀਤੇ ਜਾਂਦੇ ਹਨ।

ਅਪੀਲ ਪ੍ਰਬੰਧ।

8-ਸ. ਸਮਝੀ ਨਿਕਾਸੀ ਜਾਰੀ ਕਰਨ ਜਾਂ ਰੱਦ ਕਰਨ ਜਾਂ ਪਰਤਾਉਣ ਦੇ ਬਾਰੇ ਵਿੱਚ ਇੱਕ ਦਰਖ਼ਾਸਤਕਰਤਾ ਦੀ ਕਿਸੇ ਸ਼ਿਕਾਇਤ (ਆਂ) ਦੇ ਬਾਬਤ ਕੋਈ ਅਪੀਲ ਸਬੰਧਤ ਵਿਭਾਗ ਦੀ ਸਰਕਾਰ ਕੋਲ ਹੋ ਸਕੇਗੀ, ਅਤੇ ਸਾਰੀਆਂ ਅਪੀਲਾਂ, ਅਪੀਲ ਦਾਇਰ ਕਰਨ ਦੀ ਤਰੀਕ ਤੋਂ ਤੀਹ ਦਿਨਾਂ ਦੇ ਅੰਦਰ ਇੱਕ ਮੂੰਹ ਬੋਲਦੇ ਹੁਕਮ ਦੁਆਰਾ ਨਿਪਟਾਈਆਂ ਜਾਣਗੀਆਂ।

8-ਹ. ਧਾਰਾ 8-ਅ ਜਾਂ ਇਸ ਦੇ ਅਧੀਨ ਬਣਾਏ ਗਏ ਕਿਸੇ ਨਿਯਮਾਂ, ਨੀਤੀ ਜਾਂ ਸੇਧਾਂ ਅਧੀਨ ਨਿਕਾਸੀ ਜਾਰੀ ਹੋਣ ਨੂੰ ਕਵਰ ਕਰਦੇ ਹੋਏ ਰਾਜ ਵਿਧਾਨ-ਮੰਡਲ ਦੇ ਤੱਤ ਸਮੇਂ ਨਾਫ਼ਜ਼ ਕਿਸੇ ਵੀ ਕਾਨੂੰਨ ਵਿੱਚ ਕਿਸੇ ਗੱਲ ਦੇ ਅਸੰਗਤ ਹੁੰਦਿਆਂ ਹੋਇਆਂ ਵੀ, ਇਸ ਐਕਟ ਦੇ ਉਪਬੰਧਾਂ ਦਾ ਪਰਮ ਪ੍ਰਭਾਵ ਹੋਵੇਗਾ।

8-ਕ. ਸੁਸੰਗਤ ਐਕਟ ਜਾਂ ਇਸ ਅਧੀਨ ਬਣਾਏ ਗਏ ਕਿਸੇ ਨਿਯਮਾਂ, ਨੀਤੀ, ਸੇਧਾਂ ਅਧੀਨ ਜਾਰੀ ਕੀਤੀਆਂ ਸਾਰੀਆਂ ਨਿਕਾਸੀਆਂ, ਦਰਖ਼ਾਸਤਕਰਤਾ ਦੁਆਰਾ ਇੱਕ ਜ਼ਿੰਮਾ ਲਏ ਜਾਣ ਤੇ ਕਿ ਮਾਪਦੰਡਾਂ, ਜਿਨ੍ਹਾਂ ਦੇ ਬਦਲੇ ਨਵਿਆਉਣ ਚਾਹਿਆ ਗਿਆ ਹੈ ਅਤੇ ਲੋੜੀਂਦੀ ਫ਼ੀਸ ਜਮ੍ਹਾਂ ਕਰਾਉਣ ਤੇ, ਖੁਦ-ਬ-ਖੁਦ ਨਵਿਆਈਆਂ ਜਾਣਗੀਆਂ: ਨਿਕਾਸੀਆਂ ਦਾ ਆਪ-ਮੁਹਾਰਾ ਨਵਿਆਉਣ।

ਪਰੰਤੂ ਅਜਿਹੇ ਨਵਿਆਉਣ ਆਨਲਾਈਨ, ਆਪ-ਮੁਹਾਰੇ ਅਤੇ ਗੈਰ-ਵਿਵੇਕੀ ਹੋਣਗੇ।

8-ਖ. ਧਾਰਾ 8-ਅ ਵਿੱਚ ਦਰਜ ਉਪਬੰਧ, ਸ਼ਕਤਵਾਨ ਅਥਾਰਟੀ ਨੂੰ ਸੁਸੰਗਤ ਐਕਟ ਜਾਂ ਇਸ ਅਧੀਨ ਬਣਾਏ ਗਏ ਕਿਸੇ ਵੀ ਨਿਯਮਾਂ, ਨੀਤੀ, ਸੇਧਾਂ ਦੀਆਂ ਸ਼ਰਤਾਂ ਦੀ ਪਾਲਣਾ ਯਕੀਨੀ ਬਣਾਉਣ ਲਈ ਨਿਰੀਖਣ ਕਰਨ ਤੋਂ ਨਹੀਂ ਰੋਕਣਗੇ। ਨਿਰੀਖਣ।

9. (1) ਨਿਵੇਸ਼ ਉੱਨਤੀ ਵਿਭਾਗ ਦਾ ਮੁੱਖੀ ਬਿਊਰੋ ਦਾ ਮੁੱਖ ਕਾਰਜਕਾਰੀ ਅਧਿਕਾਰੀ ਹੋਵੇਗਾ। ਅਜਿਹਾ ਅਧਿਕਾਰੀ ਸੁਪਰ ਸਮਾਂ ਸਕੇਲ ਵਿੱਚ ਆਈ.ਏ.ਐੱਸ. ਅਧਿਕਾਰੀ ਦੇ ਰੈਂਕ ਤੋਂ ਥੱਲੇ ਦਾ ਨਹੀਂ ਹੋਵੇਗਾ। ਬਿਊਰੋ ਦੇ ਅਧਿਕਾਰੀ ਅਤੇ ਕਰਮਚਾਰੀ।

(2) ਬਿਊਰੋ ਇਸ ਦੇ ਕਾਜਕਾਰਾਂ ਦੇ ਸੁਯੋਗ ਨਿਪਟਾਰੇ ਲਈ ਅਜਿਹੀਆਂ ਹੋਰ ਆਸਾਮੀਆਂ ਸਿਰਜ ਸਕਦੀ ਹੈ ਅਤੇ ਅਜਿਹੇ ਹੋਰ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਨਿਯੁਕਤ ਕਰ ਸਕਦੀ ਹੈ, ਜੋ ਇਹ ਜ਼ਰੂਰੀ ਸਮਝੇ।

(3) ਜਿੱਥੋਂ ਤੱਕ ਸੰਭਵ ਹੋਵੇ, ਬਿਊਰੋ ਦੇ ਅਧਿਕਾਰੀ ਅਤੇ ਕਰਮਚਾਰੀ ਪ੍ਰਤੀਨਿਯੁਕਤੀ/ਅਸਥਾਈ ਨਿਯੁਕਤੀ 'ਤੇ ਲਏ ਜਾਣਗੇ ਜਾਂ ਠੇਕੇ ਦੇ ਆਧਾਰ 'ਤੇ ਅਜਿਹੇ ਨਿਬੰਧਨਾਂ ਅਤੇ ਸ਼ਰਤਾਂ 'ਤੇ ਭਰਤੀ ਕੀਤੇ ਜਾਣਗੇ ਜਿਵੇਂ ਗਵਰਨਰਾਂ ਦੇ ਬੋਰਡ ਦੁਆਰਾ ਪ੍ਰਵਾਨ ਕੀਤਾ ਜਾਵੇ।

(4) ਮੁੱਖ ਕਾਰਜਕਾਰੀ ਅਧਿਕਾਰੀ ਬਿਊਰੋ ਦੇ ਸਾਰੇ ਅਧਿਕਾਰੀਆਂ ਅਤੇ ਕਰਮਚਾਰੀਆਂ 'ਤੇ ਨਿਗਰਾਨੀ ਅਤੇ ਕੰਟਰੋਲ ਦੀ ਸ਼ਕਤੀ ਦੀ ਵਰਤੋਂ ਕਰੇਗਾ। ਉਹ ਕਰਮਚਾਰੀਆਂ ਨੂੰ ਠੇਕੇ ਦੇ ਆਧਾਰ 'ਤੇ ਨਿਯੋਜਤ ਕਰਨ ਲਈ ਸਾਰੇ ਮੁਆਇਦਿਆਂ ਤੇ ਦਸਖ਼ਤ ਕਰੇਗਾ। ਉਹ ਬਿਊਰੋ ਦੁਆਰਾ ਦਿੱਤੇ ਜਾਂ ਜਾਰੀ ਕੀਤੇ ਗਏ ਸਾਰੇ ਦਸਤਾਵੇਜ਼ਾਂ, ਮਨਜ਼ੂਰੀਆਂ ਅਤੇ ਪ੍ਰਵਾਨਗੀਆਂ ਤੇ ਦਸਖ਼ਤ ਕਰਨ ਲਈ ਵੀ ਸ਼ਕਤਵਾਨ ਅਥਾਰਟੀ ਹੋਵੇਗਾ।

10. (1) ਗਵਰਨਰਾਂ ਦਾ ਬੋਰਡ ਇੰਨੀ ਵਾਰ ਇਕੱਤਰਤਾ ਕਰੇਗਾ ਜਿਵੇਂ ਇਸ ਦੇ ਕਾਜਕਾਰਾਂ ਨੂੰ ਸਿਰੇ ਚਾੜ੍ਹਨ ਲਈ ਲੋੜੀਂਦਾ ਹੋਵੇ। ਇਕੱਤਰਤਾਵਾਂ।

(2) ਇਸੇ ਤਰ੍ਹਾਂ, ਬਿਊਰੋ ਦੀ ਕਾਰਜਕਾਰੀ ਕਮੇਟੀ ਇੰਨੀ ਵਾਰ ਇਕੱਤਰਤਾ ਕਰੇਗੀ ਜਿਵੇਂ ਇਸ ਨੂੰ ਸੌਂਪੇ ਕੰਮ ਨੂੰ ਸਿਰੇ ਚਾੜ੍ਹਨ ਲਈ ਲੋੜੀਂਦੀ ਹੋਵੇ।

ਬਿਊਰੋ ਦਾ ਵਿੱਤ ਪੋਸ਼ਣ।

11. (1) ਸਰਕਾਰ ਦੁਆਰਾ ਬਿਊਰੋ ਦਾ ਵਿੱਤ-ਪੋਸ਼ਣ ਇੱਕ ਸਲਾਨਾ ਸਹਾਇਤਾ ਗ੍ਰਾਂਟ ਦੁਆਰਾ ਕੀਤਾ ਜਾਵੇਗਾ।

(2) ਬਿਊਰੋ ਉਸ ਦੁਆਰਾ ਸੰਚਾਲਤ ਕੀਤੀਆਂ ਤਜਵੀਜ਼ਾਂ 'ਤੇ ਅਜਿਹੀ ਫ਼ੀਸ ਜਾਂ ਖ਼ਰਚੇ ਪ੍ਰਾਪਤ ਕਰੇਗੀ ਜਿਵੇਂ ਗਵਰਨਰਾਂ ਦੇ ਬੋਰਡ ਦੁਆਰਾ ਮੁਕੱਰਰ ਕੀਤਾ ਜਾਵੇ।

(3) ਬਿਊਰੋ ਇਸ ਦੀ ਆਮਦਨ ਅਤੇ ਖ਼ਰਚੇ ਦਾ ਇੱਕ ਅਲੱਗ ਬੈਂਕ ਖਾਤਾ ਰੱਖ ਸਕੇਗੀ।

(4) ਬਿਊਰੋ ਦੇ ਲੇਖਿਆਂ ਦਾ ਆਡਿਟ ਪ੍ਰਵਿਧਾਨਕ ਅਤੇ ਸਰਕਾਰੀ ਆਡੀਟਰਾਂ ਦੁਆਰਾ ਹਰ ਸਾਲ ਕੀਤਾ ਜਾਵੇਗਾ।

(5) ਬਿਊਰੋ ਇਸ ਦੀ ਤਿਮਾਹੀ ਅਤੇ ਸਲਾਨਾ ਆਮਦਨ ਅਤੇ ਖ਼ਰਚਿਆਂ ਦੇ ਲੇਖਿਆਂ ਨੂੰ ਸੁਸੰਗਤ ਤਿਮਾਹੀ/ਸਾਲ ਦੇ ਬੰਦ ਹੋਣ ਤੋਂ ਕ੍ਰਮਵਾਰ ਤੀਹ ਦਿਨਾਂ ਅਤੇ ਸੱਠ ਦਿਨਾਂ ਦੇ ਅੰਦਰ ਅੰਤਮ ਰੂਪ ਦੇਵੇਗੀ।

(6) ਵਿੱਤੀ ਸ਼ਕਤੀਆਂ ਦਾ ਸੌਂਪਣਾ ਅਜਿਹਾ ਹੋਵੇਗਾ ਜਿਵੇਂ ਕਾਰਜਕਾਰੀ ਕਮੇਟੀ ਦੁਆਰਾ ਸਮੇਂ ਸਮੇਂ ਤੇ ਪ੍ਰਵਾਨ ਕੀਤਾ ਜਾਵੇ।

ਕਠਨਾਈਆਂ ਦੂਰ ਕਰਨ ਦੀ ਸ਼ਕਤੀ।

12. ਜੇਕਰ ਕਾਜਕਾਰਾਂ ਦੇ ਉਚਿਤ ਨਿਪਟਾਰੇ ਵਿੱਚ ਕੋਈ ਕਠਨਾਈ ਆਉਂਦੀ ਹੈ, ਤਾਂ ਮੁੱਖ ਕਾਰਜਕਾਰੀ ਅਧਿਕਾਰੀ ਅਜਿਹੀਆਂ ਕਠਨਾਈਆਂ ਨੂੰ ਦੂਰ ਕਰਨ ਲਈ ਸੁਝਾਵਾਂ/ਤਜਵੀਜ਼ਾਂ ਦੇ ਨਾਲ ਕਾਰਜਕਾਰੀ ਕਮੇਟੀ ਨੂੰ ਇੱਕ ਹਵਾਲਾ ਭੇਜੇਗਾ ਅਤੇ ਇਸ ਬਾਬਤ ਕਾਰਜਕਾਰੀ ਕਮੇਟੀ ਦਾ ਫ਼ੈਸਲਾ, ਗਵਰਨਰਾਂ ਦੇ ਬੋਰਡ ਦੁਆਰਾ ਪੁਸ਼ਟੀ ਦੇ ਤਾਬੇ, ਬੰਧਨਦਾਰੀ ਹੋਵੇਗਾ।

ਦਿਸ਼ਾ-ਨਿਰਦੇਸ਼ ਜਾਰੀ ਕਰਨ ਦੀ ਸ਼ਕਤੀ।

13. ਸਰਕਾਰ ਕੋਲ, ਜੇ ਅਜਿਹਾ ਲੋੜਿਆ ਜਾਵੇ, ਬਿਊਰੋ ਨੂੰ ਸੌਂਪੇ ਗਏ ਮਾਮਲਿਆਂ 'ਤੇ ਨੀਤੀ ਨਿਰਦੇਸ਼ ਜਾਰੀ ਕਰਨ ਦੀ ਸ਼ਕਤੀ ਹੋਵੇਗੀ ਅਤੇ ਅਜਿਹੇ ਸਾਰੇ ਨਿਰਦੇਸ਼ ਬਿਊਰੋ 'ਤੇ ਬੰਧਨਕਾਰੀ ਹੋਣਗੇ।

ਸੌਂਪਣ ਦੀ ਸ਼ਕਤੀ।

14. ਗਵਰਨਰਾਂ ਦਾ ਬੋਰਡ ਆਪਣੀਆਂ ਕੋਈ ਵੀ ਸ਼ਕਤੀਆਂ ਕਾਰਜਕਾਰੀ ਕਮੇਟੀ ਜਾਂ ਮੁੱਖ ਕਾਰਜਕਾਰੀ ਅਧਿਕਾਰੀ ਨੂੰ, ਜਿਹੀ ਕਿ ਸੂਰਤ ਹੋਵੇ, ਸੌਂਪ ਸਕੇਗਾ।

ਨਿਯਮ ਬਣਾਉਣ ਦੀ ਸ਼ਕਤੀ।

15. (1) ਸਰਕਾਰ, ਅਧਿਸੂਚਨਾ ਦੁਆਰਾ, ਇਸ ਐਕਟ ਦੇ ਪ੍ਰਯੋਜਨਾਂ ਨੂੰ ਸਿਰੇ ਚਾੜ੍ਹਨ ਲਈ ਨਿਯਮ ਬਣਾ ਸਕਦੀ ਹੈ।

(2) ਇਸ ਧਾਰਾ ਅਧੀਨ ਬਣਾਇਆ ਗਿਆ ਹਰੇਕ ਨਿਯਮ, ਉਸ ਦੇ ਬਣਾਏ ਜਾਣ ਪਿੱਛੋਂ ਜਿੰਨੀ ਛੇਤੀ ਹੋ ਸਕੇ, ਰਾਜ ਵਿਧਾਨ ਮੰਡਲ ਦੇ ਸਦਨ ਅੱਗੇ, ਜਦ ਉਹ ਦਸ ਦਿਨਾਂ ਦੀ ਕੁੱਲ ਮੁੱਦਤ ਲਈ ਇਜਲਾਸ ਵਿੱਚ ਹੈ, ਰੱਖਿਆ ਜਾਵੇਗਾ ਜੋ ਇੱਕ ਇਜਲਾਸ ਵਿੱਚ ਜਾਂ ਦੋ ਜਾਂ ਵੱਧ ਕ੍ਰਮਵਰਤੀ ਇਜਲਾਸਾਂ ਵਿੱਚ ਪੂਰੀ ਹੋ ਸਕੇਗੀ, ਅਤੇ ਜੇ, ਇਸ ਇਜਲਾਸ ਦੇ, ਜਿਸ ਵਿੱਚ ਉਹ ਇਸ ਤਰ੍ਹਾਂ ਰੱਖਿਆ ਜਾਂਦਾ ਹੈ ਜਾਂ ਉਪਰੋਕਤ ਕ੍ਰਮਵਰਤੀ ਇਜਲਾਸਾਂ ਦੇ ਗੁਜ਼ਰਨ ਤੋਂ ਪਹਿਲਾਂ, ਸਦਨ ਉਸ ਨਿਯਮ ਵਿੱਚ ਕੋਈ ਰੂਪਭੇਦ ਕਰਨ ਲਈ ਸਹਿਮਤ ਹੋ ਜਾਂਦਾ ਹੈ ਜਾਂ ਸਦਨ ਸਹਿਮਤ ਹੋ ਜਾਂਦਾ ਹੈ ਕਿ ਨਿਯਮ ਨਹੀਂ ਬਣਾਇਆ ਜਾਣਾ ਚਾਹੀਦਾ, ਤਾਂ ਉਹ ਨਿਯਮ ਉਸ ਤੋਂ ਪਿੱਛੋਂ, ਕੇਵਲ

ਅਜਿਹੇ ਰੂਪਭੇਦ ਕੀਤੇ ਰੂਪ ਵਿੱਚ ਹੀ ਪ੍ਰਭਾਵੀ ਹੋਵੇਗਾ ਜਾਂ, ਜਿਹੀ ਕਿ ਸੂਰਤ ਹੋਵੇ, ਪ੍ਰਭਾਵੀ ਨਹੀਂ ਹੋਵੇਗਾ; ਐਪਰ ਅਜਿਹੇ ਕਿਸੇ ਰੂਪਭੇਦ ਜਾਂ ਰੱਦ ਕਰਨ ਦਾ ਉਸ ਨਿਯਮ ਅਧੀਨ ਪਹਿਲਾਂ ਕੀਤੀ ਗਈ ਕਿਸੇ ਗੱਲ ਜਾਂ ਉਕਾਈ ਦੀ ਜਾਇਜ਼ਤਾ 'ਤੇ ਪ੍ਰਤੀਕੂਲ ਪ੍ਰਭਾਵ ਨਹੀਂ ਹੋਵੇਗਾ।

ਮੌਜੂਦਾ ਬੌਡੀਆਂ ਦੀ ਵਿਲੀਨਤਾ।

16. ਸਰਕਾਰ, ਇਸ ਐਕਟ ਦੇ ਅਰੰਭ ਦੀ ਤਰੀਕ ਨੂੰ ਅਤੇ ਤੋਂ, ਅਧਿਸੂਚਨਾ ਦੁਆਰਾ, ਉਦਯੋਗਾਂ ਨਾਲ ਸਬੰਧਤ ਮਾਮਲਿਆਂ 'ਤੇ ਕਾਰਜਕਰਤਾ ਕਿਸੇ ਕਮੇਟੀ ਜਾਂ ਬੋਰਡ ਨੂੰ ਬਿਊਰੋ ਵਿੱਚ ਵਿਲੀਨ ਕਰ ਸਕੇਗੀ। ਅਜਿਹੀ ਵਿਲੀਨਤਾ 'ਤੇ, ਅਜਿਹੀਆਂ ਕਮੇਟੀਆਂ ਜਾਂ ਬੋਰਡਾਂ ਦੁਆਰਾ ਹੁਣ ਤੱਕ ਨਿਭਾਏ ਜਾ ਰਹੇ ਕਾਜਕਾਰ ਅਤੇ ਵਰਤੀਆਂ ਜਾ ਰਹੀਆਂ ਸ਼ਕਤੀਆਂ, ਜਿਹੀ ਕਿ ਸੂਰਤ ਹੋਵੇ, ਬਿਊਰੋ ਕੋਲ ਨਿਹਿਤ ਹੋਣਗੀਆਂ।

ਨੇਕ-ਨੀਤੀ ਨਾਲ ਕੀਤੀ ਗਈ ਕਾਰਵਾਈ ਦਾ ਬਚਾਉ।

17. ਇਸ ਐਕਟ ਜਾਂ ਇਸ ਅਧੀਨ ਬਣਾਏ ਗਏ ਕਿਸੇ ਨਿਯਮ ਦੇ ਉਪਬੰਧਾਂ ਦੀ ਅਨੁਸਾਰਤਾ ਵਿੱਚ ਨੇਕ-ਨੀਤੀ ਨਾਲ ਕੀਤੀ ਗਈ ਜਾਂ ਕੀਤੀ ਜਾਣੀ ਚਿਤਵਤ ਕਿਸੇ ਗੱਲ ਦੇ ਬਾਰੇ ਚੇਅਰਮੈਨ ਜਾਂ ਗਵਰਨਰਾਂ ਦੇ ਬੋਰਡ ਦੇ ਹੋਰ ਮੈਂਬਰਾਂ ਜਾਂ ਬਿਊਰੋ ਦੇ ਕਿਸੇ ਅਧਿਕਾਰੀ ਜਾਂ ਕਰਮਚਾਰੀ ਵਿਰੁੱਧ ਕੋਈ ਦਾਵਾ ਜਾਂ ਕਾਨੂੰਨੀ ਕਾਰਵਾਈ ਨਹੀਂ ਹੋ ਸਕੇਗੀ।

ਬਚਾਓ।

18. ਅਧਿਸੂਚਨਾ ਨੰ: 7/17/13 ਏ.ਐਸ.ਆਈ./1998 ਤਰੀਕ 5/12/2013 ਅਧੀਨ ਕੀਤੀਆਂ ਗਈਆਂ ਸਾਰੀਆਂ ਕਾਰਵਾਈਆਂ ਇਸ ਐਕਟ ਅਧੀਨ ਕੀਤੀਆਂ ਗਈਆਂ ਸਮਝੀਆਂ ਜਾਣਗੀਆਂ।

ਨਿਰਸਨ ਅਤੇ ਬਚਾਓ।

19. (1) ਪੰਜਾਬ ਉਦਯੋਗਿਕ ਸੌਖਕਰਨ ਐਕਟ, 2005 (2005 ਦਾ ਪੰਜਾਬ ਐਕਟ ਨੰ: 23) ਇਸ ਦੁਆਰਾ ਨਿਰਸਤ ਕੀਤਾ ਜਾਂਦਾ ਹੈ।

(2) ਅਜਿਹੇ ਨਿਰਸਨ ਦੇ ਹੁੰਦਿਆਂ ਹੋਇਆਂ ਵੀ, ਉਪ-ਧਾਰਾ (1) ਵਿੱਚ ਹਵਾਲਾ ਦਿੱਤੇ ਗਏ ਐਕਟ ਅਧੀਨ ਕੀਤੀ ਗਈ ਕੋਈ ਗੱਲ ਜਾਂ ਕੀਤੀ ਗਈ ਕੋਈ ਕਾਰਵਾਈ, ਇਸ ਐਕਟ ਦੇ ਤੱਤਸਥਾਨੀ ਉਪਬੰਧਾਂ ਅਧੀਨ ਕੀਤੀ ਗਈ ਜਾਂ ਕੀਤੀ ਜਾਣੀ ਸਮਝੀ ਜਾਵੇਗੀ।

**ਬੀ.ਬੀ.ਐੱਸ. ਤੇਜੀ,**
ਕਾਨੂੰਨੀ ਮਸ਼ੀਰ ਅਤੇ ਪ੍ਰਮੁੱਖ ਸਕੱਤਰ,
ਪੰਜਾਬ ਸਰਕਾਰ, ਕਾਨੂੰਨੀ ਅਤੇ ਵਿਧਾਨਿਕ
ਕਾਰ-ਵਿਹਾਰ ਵਿਭਾਗ।

*3629/2-2026/Pb. Govt. Press, S.A.S. Nagar*